# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸੰਚਾਰ ਅਥਾਰਿਟੀ ਦਾ ਦਫਤਰ (ਫਿਲਮ, ਅਖ਼ਬਾਰ ਅਤੇ ਲੇਖ ਪ੍ਰਸ਼ਾਸਨ ਲਈ ਦਫਤਰ ਸਮੇਤ)

ਸੰਚਾਰ ਅਥਾਰਿਟੀ ਦੇ ਦਫਤਰ (**Office of the Communications Authority – OFCA**) ਦੀ ਸਥਾਪਨਾ **1** ਅਪ੍ਰੈਲ, **2012** ਨੂੰ ਸਾਬਕਾ ਦੂਰਸੰਚਾਰ ਅਥਾਰਿਟੀ ਦੇ ਦਫਤਰ (**Office of the Telecommunications Authority – OFTA**) ਅਤੇ ਸਾਬਕਾ ਟੈਲੀਵਿਜ਼ਨ ਅਤੇ ਮਨੋਰੰਜਨ ਲਾਇਸੈਂਸ ਅਥਾਰਿਟੀ ਦੇ ਸੰਬੰਧਿਤ ਵਿਭਾਗਾਂ ਨੂੰ ਆਪਸ ਵਿੱਚ ਮਿਲਾ ਕੇ ਕੀਤੀ ਗਈ ਸੀ। **OFCA**, ਸੰਚਾਰ ਅਥਾਰਿਟੀ (**Communications Authority – CA**) ਦੀ ਕਾਰਜਕਾਰੀ ਸ਼ਾਖਾ ਵਜੋਂ ਕੰਮ ਕਰਦਾ ਹੈ ਅਤੇ ਸੰਬੰਧਿਤ ਨਿਯਮਾਂ ਨੂੰ ਲਾਗੂ ਕਰਨ ਵਿੱਚ **CA** ਦੀ ਸਹਾਇਤਾ ਕਰਦਾ ਹੈ।

ਫਿਲਮ, ਅਖ਼ਬਾਰ ਅਤੇ ਲੇਖ ਪ੍ਰਸ਼ਾਸਨ ਲਈ ਦਫਤਰ (**Office for Film, Newspaper and Article Administration – OFNAA**) ਉਸੇ ਹੀ ਤਾਰੀਖ ਨੂੰ ਫਿਲਮਾਂ ਦੇ ਵਰਗੀਕਰਣ, ਅਸ਼ਲੀਲ ਅਤੇ ਅਸ਼ਿਸ਼ਟ ਲੇਖਾਂ ਦੇ ਨਿਯੰਤਰਣ ਅਤੇ ਅਖ਼ਬਾਰਾਂ ਦੀ ਰਜਿਸਟ੍ਰੇਸ਼ਨ ਦੇ ਸੰਬੰਧ ਵਿੱਚ ਕਾਰਜ ਕਰਨ ਲਈ ਸਥਾਪਤ ਕੀਤਾ ਗਿਆ ਹੈ। **OFNAA** ਇੱਕ ਸੈਂਸਰਸ਼ਿਪ ਸਕੀਮ ਦੁਆਰਾ ਫਿਲਮ ਸੈਂਸਰਸ਼ਿਪ ਆਰਡੀਨੈਂਸ (ਕੈਪ. **392**) ਦੇ ਅਨੁਸਾਰ ਫਿਲਮਾਂ ਦੇ ਵਰਗੀਕਰਣ ਦੀ ਪ੍ਰਣਾਲੀ ਨੂੰ ਲਾਗੂ ਕਰਨ; ਅਸ਼ਲੀਲ ਅਤੇ ਅਸ਼ਿਸ਼ਟ ਲੇਖਾਂ ਦੇ ਆਰਡੀਨੈਂਸ (ਕੈਪ. **390**) ਨੂੰ ਲਾਗੂ ਕਰ ਕੇ ਅਸ਼ਲੀਲ ਅਤੇ ਅਸ਼ਿਸ਼ਟ ਲੇਖਾਂ ਦੇ ਪ੍ਰਕਾਸ਼ਨ ਨੂੰ ਨਿਯੰਤ੍ਰਿਤ ਕਰਨ; ਅਤੇ ਸਥਾਨਕ ਅਖ਼ਬਾਰਾਂ ਦੇ ਰਜਿਸਟ੍ਰੇਸ਼ਨ ਆਰਡੀਨੈਂਸ (ਕੈਪ. **268**) ਦੇ ਤਹਿਤ ਸਥਾਨਕ ਅਖ਼ਬਾਰਾਂ ਨੂੰ ਰਜਿਸਟਰ ਕਰਨ ਲਈ ਜ਼ਿੰਮੇਵਾਰ ਹੈ।

| | |
|---|---|
| ਸੰਬੰਧਿਤ ਸੇਵਾਵਾਂ | • ਫਿਲਮ ਸੈਂਸਰਸ਼ਿਪ ਆਰਡੀਨੈਂਸ (ਕੈਪ. **392**) ਦੇ ਤਹਿਤ, ਹਾਂਗ-ਕਾਂਗ ਵਿੱਚ ਪ੍ਰਦਰਸ਼ਨ ਕੀਤੇ ਜਾਣ ਦੇ ਇਰਾਦੇ ਵਾਲੀਆਂ ਸਾਰੀਆਂ ਫਿਲਮਾਂ ਨੂੰ ਪ੍ਰਵਾਨਗੀ ਲਈ ਫਿਲਮ ਸੈਂਸਰਸ਼ਿਪ ਅਥਾਰਿਟੀ ਕੋਲ ਜਮ੍ਹਾਂ ਕੀਤਾ ਜਾਏਗਾ। ਫਿਲਮ ਦੇ ਵਰਗੀਕਰਣ ਪ੍ਰਣਾਲੀ ਦਾ ਉਦੇਸ਼ ਬਾਲਗਾਂ ਨੂੰ ਬਾਲਗ ਸੰਸਾਰ ਦੀਆਂ ਹਕੀਕਤਾਂ ਨਾਲ ਨਜਿੱਠਣ ਵਾਲੀਆਂ ਬਹੁਤ ਸਾਰੀਆਂ |

ਫਿਲਮਾਂ ਨੂੰ ਦੇਖਣ ਦਾ ਮੌਕਾ ਦੇਣਾ ਹੈ, ਪਰ ਇਸਦੇ ਨਾਲ ਹੀ ਬੱਚਿਆਂ ਅਤੇ ਨੌਜਵਾਨਾਂ ਨੂੰ ਕੁਝ ਅਜਿਹਾ ਦੇਖਣ ਤੋਂ ਪ੍ਰਤਿਬੰਧਿਤ ਕਰਨਾ ਹੈ ਜੋ ਉਹਨਾਂ ਲਈ ਨੁਕਸਾਨਦੇਹ ਹੋ ਸਕਦਾ ਹੈ।

ਮੌਜੂਦਾ ਉਪਾਅ

- ਫਿਲਮ ਸੈਂਸਰਸ਼ਿਪ ਆਰਡੀਨੈਂਸ ਦੇ ਅਨੁਸਾਰ ਸੈਂਸਰ ਨੂੰ ਜਨਤਕ ਪ੍ਰਦਰਸ਼ਨੀ ਲਈ ਫਿਲਮ ਦੀ ਯੋਗਤਾ ਅਤੇ ਫਿਲਮ ਨੂੰ ਦਿੱਤੇ ਜਾਣ ਵਾਲੇ ਉਚਿਤ ਵਰਗੀਕਰਣ ਬਾਰੇ ਫੈਸਲਾ ਲੈਂਦੇ ਸਮੇਂ, ਹੋਰਨਾਂ ਚੀਜ਼ਾਂ ਦੇ ਨਾਲ-ਨਾਲ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ, ਕਿ ਕੀ ਫਿਲਮ ਰੰਗ, ਨਸਲ, ਧਾਰਮਿਕ ਮਾਨਤਾਵਾਂ ਜਾਂ ਨਸਲੀ ਜਾਂ ਰਾਸ਼ਟਰੀ ਮੂਲ ਜਾਂ ਉਸ ਸ੍ਰੇਣੀ ਦੇ ਮੈਂਬਰਾਂ ਦੇ ਲਿੰਗ ਦੇ ਸੰਦਰਭ ਦੁਆਰਾ ਕਿਸੇ ਖਾਸ ਵਰਗ ਦੇ ਲੋਕਾਂ ਦੀ ਬਦਨਾਮੀ ਜਾਂ ਅਪਮਾਨ ਕਰਦੀ ਹੈ। ਉਪਰੋਕਤ ਕਾਨੂੰਨੀ ਸਿਧਾਂਤ ਸੈਂਸਰਾਂ ਲਈ ਫਿਲਮ ਸੈਂਸਰਸ਼ਿਪ ਸੇਧਾਂ ਵਿੱਚ ਵੀ ਨਿਰਧਾਰਤ ਕੀਤਾ ਗਿਆ ਹੈ।

- ਕੋਈ ਸੈਂਸਰ ਕਿਸੇ ਫਿਲਮ ਨੂੰ ਜਨਤਕ ਪ੍ਰਦਰਸ਼ਨੀ ਲਈ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਸਕਦਾ ਹੈ ਜੇ ਉਹ ਮੰਨਦਾ ਹੈ ਕਿ ਇਹ ਫਿਲਮ ਨਸਲੀ ਭਿੰਨਤਾਵਾਂ 'ਤੇ ਨਫ਼ਰਤ ਭੜਕਾਉਣ ਜਾਂ ਬਦਨਾਮ ਕਰਨ ਦੇ ਇਰਾਦੇ ਨਾਲ ਬਣਾਈ ਗਈ ਹੈ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਪ੍ਰਚਲਿਤ ਆਰਡੀਨੈਂਸ ਅਤੇ ਸੰਬੰਧਿਤ ਫਿਲਮ ਸੈਂਸਰਸ਼ਿਪ ਦਿਸ਼ਾ ਨਿਰਦੇਸ਼ ਨਸਲੀ ਵਿਤਕਰੇ ਨੂੰ ਭੜਕਾਉਣ ਵਾਲੀਆਂ ਫਿਲਮਾਂ ਦੀ ਪ੍ਰਦਰਸ਼ਨੀ ਨੂੰ ਰੋਕਣ ਵਿੱਚ ਪ੍ਰਭਾਵੀ ਰਹੇ ਹਨ। ਉਪਰੋਕਤ ਉਪਾਵਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਜਾਰੀ ਰਹੇਗਾ।

ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ

- ਉਹਨਾਂ ਫਿਲਮਾਂ ਲਈ ਜਿਨ੍ਹਾਂ ਵਿੱਚ ਅਜਿਹੀਆਂ ਸਮੱਗਰੀਆਂ ਹੁੰਦੀਆਂ ਹਨ ਜੋ ਨਸਲੀ ਵਿਤਕਰੇ ਦੀਆਂ ਚਿੰਤਾਵਾਂ ਦਾ ਕਾਰਨ ਬਣ ਸਕਦੀਆਂ ਹਨ, ਹਾਲਾਤ 'ਤੇ ਨਿਰਭਰ ਕਰਦੇ ਹੋਏ, ਸੈਂਸਰ ਦੁਆਰਾ ਪ੍ਰਦਰਸ਼ਨੀ ਲਈ ਫਿਲਮ ਦੀ ਉਚਿਤਤਾ ਬਾਰੇ ਫੈਸਲਾ ਕਰਨ ਤੋਂ ਪਹਿਲਾਂ, ਸੰਬੰਧਿਤ ਨਸਲੀ

ਸਮੂਹਾਂ ਦੇ ਵਿਚਾਰ ਇਕੱਤਰ ਕਰਨ ਲਈ ਉਹਨਾਂ ਦੁਆਰਾ ਦੇਖੇ ਜਾਣ ਦੇ ਵਿਸ਼ੇਸ਼ ਸੈਸ਼ਨਾਂ ਦਾ ਪ੍ਰਬੰਧ ਕਰਨ 'ਤੇ ਵਿਚਾਰ ਕੀਤਾ ਜਾਏਗਾ।

- ਨਸਲੀ ਬਰਾਬਰੀ ਲਈ ਸਟਾਫ ਦੇ ਮੈਂਬਰਾਂ ਦੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ **OFCA** ਟ੍ਰੇਨਿੰਗ ਕੋਰਸਾਂ ਅਤੇ ਸੈਸ਼ਨਾਂ ਦਾ ਆਯੋਜਨ ਕਰੇਗਾ ਜਿਸ ਨਾਲ ਉਹ ਆਪਣੇ ਅਨੁਭਵ ਸਾਂਝੇ ਕਰ ਸਕਣ।

- **OFCA** ਗੈਰ-ਨਸਲੀ ਚੀਨੀ **(NEC)** ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਇੰਟਰਨਸ਼ਿਪ ਪ੍ਰੋਗਰਾਮ ਦੇ ਤਹਿਤ ਪਲੇਸਮੈਂਟ ਦੀ ਪੇਸ਼ਕਸ਼ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਜੋ ਨੌਜਵਾਨ **NEC** ਨੂੰ ਕੰਮ ਦਾ ਤਜਰਬਾ ਹਾਸਲ ਕਰਨ ਅਤੇ ਨੌਕਰੀ ਦੀ ਭਾਲ ਵਿੱਚ ਉਨ੍ਹਾਂ ਦੀ ਮੁਕਾਬਲੇਬਾਜ਼ੀ ਨੂੰ ਵਧਾਉਣ ਦੇ ਯੋਗ ਬਣਾਇਆ ਜਾ ਸਕੇ।

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ ਉਪਰੋਕਤ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਮਿਸਟਰ ਐਲਡਨ ਲੈਮ (Mr Alden LAM), ਐਕਜ਼ੀਕਿਊਟਿਵ ਅਸਿਸਟੈਂਟ (ਫਿਲਮ) ਦੇ ਨਾਲ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰਬਰ | : | **3847 7753** |
| ਫ਼ੈਕਸ ਨੰਬਰ | : | **2122 9999** |
| ਈਮੇਲ | : | **film@ofnaa.gov.hk** |
| ਡਾਕ ਪਤਾ | : | **3/F, Treasury Building, 3 Tonkin Street West, Cheung Sha Wan, Kowloon** |

**ਸੰਚਾਰ ਅਥਾਰਿਟੀ ਦਾ ਦਫਤਰ (ਫਿਲਮ, ਅਖ਼ਬਾਰ ਅਤੇ ਲੇਖ ਪ੍ਰਸ਼ਾਸਨ ਲਈ ਦਫਤਰ ਸਮੇਤ)**
**ਜੂਨ 2024**